**ਗੁਰਚਰਨਜੀਤ ਸਿੰਘ ਲਾਂਬਾ**
ਐਡੀਟਰ ਪੰਥਕ ਮਾਸਕ ਪੱਤਰ 'ਸੰਤ ਸਿਪਾਹੀ'

# ਨਸ਼ਾਬੰਦੀ ਪੰਜਾਬ ਵਿੱਚ

ਤਮਾਕੂ ਤੋਂ ਬਾਅਦ ਅਗਰ ਕੋਈ ਹੋਰ ਨਾ-ਮੁਰਾਦ ਜਾਨ ਲੇਵਾ ਇੱਲਤ ਤੇ ਕੋਹੜ ਹੈ ਤਾਂ ਉਹ ਹੈ ਸ਼ਰਾਬ ਜੋ ਨਾ ਕੇਵਲ ਸੇਵਨ ਕਰਨ ਵਾਲੇ ਵਿਅਕਤੀ ਦੀ ਸਿਹਤ ਨੂੰ ਹੀ ਨੁਕਸਾਨ ਪਹੁੰਚਾਉਂਦੀ ਹੈ ਸਗੋਂ ਉਸਦੇ ਪਰਿਵਾਰ ਤੇ ਸਾਰੇ ਸਮਾਜ ਨੂੰ ਕਈ ਕਿਸਮ ਦੇ ਆਰਥਿਕ, ਸਮਾਜਿਕ ਅਤੇ ਇਖ਼ਲਾਕੀ ਬਦਹਾਲੀ ਵੱਲ ਧੱਕਣ ਦਾ ਮੁੱਖ ਸੋਮਾ ਵੀ ਹੈ।

ਪਰ ਇਹ ਵੀ ਇਕ ਤਲਖ਼ ਸੱਚਾਈ ਹੈ ਕਿ ਦੁਨੀਆ ਦੇ ਕਈ ਮੁਲਕਾਂ ਸਣੇ ਚੀਨ, ਜਪਾਨ, ਆਈਸਲੈਂਡ, ਫਿਨਲੈਂਡ, ਨਾੱਰਵੇ, ਸਵੀਡਨ, ਰੂਸ, ਕੈਨੇਡਾ ਅਤੇ ਅਮਰੀਕਾ ਆਦਿ ਅਤੇ ਹਿੰਦੁਸਤਾਨ ਵਿੱਚ ਵੀ ਮਹਾਂਰਾਸ਼ਟਰਾ, ਬਿਹਾਰ, ਗੁਜਰਾਤ ਅਤੇ ਹਰਿਆਣਾ ਨੇ ਸਮੇਂ-ਸਮੇਂ ਸਿਰ ਇਸ 'ਤੇ ਪਾਬੰਦੀ ਲਾਉਣ ਦੀ ਕੋਸ਼ਿਸ਼ ਕੀਤੀ ਪਰ ਹਰ ਥਾਂ ਇਹ 'ਨਾਕਾਮਯਾਬ ਪਾਰਟੀ' ਨਾਮ ਦੀ ਨਸ਼ਾ ਬੰਦੀ ਸਮਰਥਕ ਰਾਜਨੀਤਿਕ ਪਾਰਟੀ ਵੀ ਹੋਂਦ ਵਿੱਚ ਆਈ ਤੇ ਜਿਸ ਨੇ ਚੋਣਾਂ ਵਿੱਚ ਵੀ ਹਿੱਸਾ ਲਿਆ। ਪਰ ਹੌਲੀ-ਹੌਲੀ ਇਹ ਪਾਰਟੀ ਵੀ ਇਤਿਹਾਸ ਦਾ ਇਕ ਪੱਤਰਾ ਬਣ ਕੇ ਰਹਿ ਗਈ ਹੈ। ਜੇਕਰ ਸਰਕਾਰੀ ਤੌਰ 'ਤੇ ਲਾਈ ਹੋਈ ਪਾਬੰਦੀ ਕਿਧਰੇ ਕਾਮਯਾਬ ਰਹੀ ਹੈ ਤਾਂ ਕੇਵਲ ਇਸਲਾਮੀ ਮੁਲਕਾਂ ਵਿੱਚ ਹੋ ਸਕੀ ਹੈ ਜਿੱਥੇ ਸ਼ਰੀਅਤ ਦੇ ਡਰ ਨੇ ਇਹ ਆਦਤ ਕਾਫ਼ੀ ਹੱਦ ਤੱਕ ਛੁਡਾਈ ਹੈ।

ਇਸ ਹਾਲਤ ਵਿੱਚ ਇਕ ਵਿਵਸਥਾ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਨਿਕਟ ਭਵਿੱਖ ਵਿੱਚ ਕੋਈ ਵੀ ਸਰਕਾਰ ਪੂਰਨ ਨਸ਼ਾਬੰਦੀ ਲਾਉਣ ਦੀ ਨਾ ਤਾਂ ਇੱਛਾ ਸ਼ਕਤੀ ਹੀ ਰੱਖਦੀ ਹੈ ਤੇ ਨਾ ਹੀ ਲਾ ਸਕਦੀ ਹੈ। ਪਰ ਰੋਸ਼ਨੀ ਦੀ ਇਕ ਕਿਰਨ ਇਹ ਹੈ ਕਿ ਜਿਹੜੇ ਵੀ ਕਾਨੂੰਨ ਮੌਜੂਦ ਹਨ ਜੇਕਰ ਉਹ ਵੀ ਸਹੀ ਇਮਾਨਦਾਰੀ ਨਾਲ ਲਾਗੂ ਕਰ ਦਿੱਤੇ ਜਾਣ ਤਾਂ ਉਹ ਵੀ ਸ਼ਰਾਬ ਅਤੇ ਸ਼ਰਾਬੀਆਂ ਦਾ ਨਸ਼ਾ ਕਾਫ਼ੀ ਹੱਦ ਤੱਕ ਉਤਾਰਣ ਨੂੰ ਕਾਫ਼ੀ ਹਨ। ਮੌਜੂਦਾ ਹਾਲਾਤ ਵਿੱਚ ਇਹ ਵੀ ਕੋਈ ਘੱਟ ਪ੍ਰਾਪਤੀ ਨਹੀਂ ਹੋਵੇਗੀ ਜੇਕਰ ਲੋਕਾਂ ਨੂੰ ਸ਼ਰਾਬ ਤੋਂ ਭਾਵੇਂ ਨਾ ਹਟਾਇਆ ਜਾ ਸਕੇ ਪਰ ਜੇਕਰ ਉਨ੍ਹਾਂ ਨੂੰ ਘੱਟੋ-ਘੱਟ ਸ਼ਰਾਬੀ ਬਣਨ ਤੋਂ ਹੀ ਰੋਕਿਆ ਜਾ ਸਕੇ। ਇਨ੍ਹਾਂ ਬਾਰੇ ਵਿਚਾਰ ਕਰਨਾ ਲਾਹੇਵੰਦ ਹੋਵੇਗਾ ਤਾਂ ਕਿ ਸਮਾਜ ਸੇਵੀ ਸੰਸਥਾਵਾਂ ਰਾਹੀਂ ਲੋਕ ਰਾਇ ਬਣਾ ਕੇ ਸਰਕਾਰ ਅਤੇ ਅਧਿਕਾਰੀਆਂ ਨੂੰ ਪ੍ਰੇਰਿਆ ਜਾ ਸਕੇ ਕਿ ਇਨ੍ਹਾਂ ਕਾਨੂੰਨਾਂ ਦਾ ਲਾਗੂ ਕਰਨਾ ਅਤੇ ਕਰਵਾਉਣਾ ਇਨ੍ਹਾਂ ਦਾ ਮੁੱਢਲਾ ਇਖ਼ਲਾਕੀ ਫ਼ਰਜ਼ ਹੈ।

ਹਿੰਦੁਸਤਾਨ ਦੇ ਆਈਨ (ਸੰਵਿਧਾਨ) ਦੇ ਆਰਟੀਕਲ 47 ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸੰਘ (ਕੇਂਦਰ) ਦੀ ਸਰਕਾਰ ਦਾ ਇਹ ਮੁੱਢਲਾ ਫਰਜ਼ ਹੈ ਕਿ ਜਨਤਾ ਦੀ ਸਿਹਤ ਅਤੇ ਉਨ੍ਹਾਂ ਦੀ ਜ਼ਿੰਦਗੀ ਦੇ ਮਿਆਰ ਨੂੰ ਉੱਚਾ ਚੁੱਕਣ ਦੇ ਮੰਤਵ ਲਈ ਨਸ਼ਿਆਂ ਤੇ ਸ਼ਰਾਬ 'ਤੇ ਪਾਬੰਦੀ ਲਾਗੂ ਕਰੇਗੀ। ਸਰਕਾਰ ਦਾ ਕੰਮ ਸੰਵਿਧਾਨ ਦੀ ਪਾਲਣਾ ਕਰਵਾਉਣਾ ਹੈ ਪਰ ਜੇ ਸਰਕਾਰ ਖ਼ੁਦ ਹੀ ਆਪਣੇ ਬਣਾਏ ਸੰਵਿਧਾਨ ਦੀ ਪਾਲਣਾ ਨਾ ਕਰੇ ਤਾਂ ਆਪ ਜਨਤਾ ਕੀ ਕਰ ਸਕਦੀ ਹੈ?

ਉਪਰੰਤ ਜਿੱਥੇ ਤੱਕ ਸੂਬੇ ਦਾ ਤੱਲਕ ਹੈ ਤਾਂ ਇਸ ਵੇਲੇ ਪ੍ਰਦੇਸ਼ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਦੋਵੇਂ ਹੀ ਪਾਰਟੀਆਂ ਨਸ਼ਾਬੰਦੀ ਲਾਗੂ ਕਰਨ ਲਈ ਵਚਨਬੱਧ ਹਨ। ਸ਼੍ਰੋਮਣੀ ਅਕਾਲੀ ਦਲ ਨੇ ਤਾਂ ਆਪਣੇ ਪਾਲਿਸੀ ਪ੍ਰੋਗਰਾਮ ਅਤੇ ਅਨੰਦਪੁਰ ਸਾਹਿਬ ਮਤੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸੋਂਹ ਵੀ ਚੁੱਕੀ ਸੀ ਕਿ,

**'ਸ਼੍ਰੋਮਣੀ ਅਕਾਲੀ ਦਲ ਹਰ ਸੰਭਵ ਤਰੀਕਿਆਂ ਰਾਹੀਂ ਹੇਠਾਂ ਦਿੱਤੇ ਯਤਨਾਂ ਲਈ ਵਚਨਬੱਧ ਹੈ,.... ਸ਼੍ਰੋਮਣੀ ਅਕਾਲੀ ਦਲ ਸ਼ਰਾਬ ਅਤੇ ਨਸ਼ੀਲੀਆਂ ਵਸਤਾਂ ਦੀ ਵਿਕਰੀ ਉੱਤੇ ਪਾਬੰਦੀ ਚਾਹੁੰਦਾ ਹੈ ਅਤੇ ਸਰਵਜਨਕ ਸਥਾਨਾਂ ਉੱਤੇ ਨਸ਼ੀਲੀਆਂ ਵਸਤਾਂ ਦੀ ਵਰਤੋਂ ਅਤੇ ਸਿਗਰਟ ਪੀਣ ਦੀ ਮਨਾਹੀ ਲਈ ਜ਼ੋਰ ਪਾਏਗਾ।'**

ਪੰਜਾਬ ਇੰਟਾਕਸੀਕੈਂਟ ਲਾਈਸੈਂਸ ਤੇ ਸੇਲ ਆਰਡਰ, 1956 ਵਿੱਚ ਸ਼ਰਾਬ ਦੇ ਠੇਕੇ ਦੇਣ ਬਾਰੇ ਜੋ ਨਿਯਮ ਬਣਾਏ ਗਏ ਹਨ ਉਹ ਸੰਖੇਪ ਤੌਰ 'ਤੇ ਹੇਠ ਦਿੱਤੇ ਜਾਂਦੇ ਹਨ-

ਕਿਸੇ ਫ਼ੌਜੀ, ਫ਼ੌਜੀ ਦੇ ਪਰਿਵਾਰ ਦੇ ਮੈਂਬਰ, ਰੰਗਰੂਟ, ਪੁਲਿਸ ਵਾਲੇ, ਹਿਰਾਸਤ ਵਿੱਚ ਕਿਸੇ ਵਿਅਕਤੀ ਨੂੰ, ਕਿਸੇ ਨਸ਼ੱਈ, ਕਿਸੇ ਪਾਗਲ ਨੂੰ, ਕਿਸੇ ਵੀ 25 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੇ ਕਿਸੇ ਵਿਦਿਆਰਥੀ ਨੂੰ ਸ਼ਰਾਬ ਨਹੀਂ ਵੇਚੀ ਜਾਏਗੀ।

ਬਿਹਾਰ ਸਰਕਾਰ ਨੇ ਜਦੋਂ ਨਸ਼ਾਬੰਦੀ ਲਾਗੂ ਕੀਤੀ ਸੀ ਤਾਂ ਸ਼ਰਾਬ ਦੇ ਪਰਮਿਟ ਜੋ ਡਾਕਟਰ ਦੀ ਸਲਾਹ ਦੇ ਹਵਾਲੇ ਨਾਲ ਲੈਣਾ ਚਾਹੁੰਦੇ ਸਨ ਉਨ੍ਹਾਂ ਲਈ ਸਰਕਾਰ ਨੇ ਜੋ ਫ਼ਾਰਮ ਬਣਵਾਇਆ ਸੀ ਜੇਕਰ ਉਹ ਹੀ ਲਾਗੂ ਕਰ ਦਿੱਤਾ ਜਾਵੇ ਤਾਂ ਵੀ ਇਸ ਬੀਮਾਰੀ ਤੋਂ ਕਾਫ਼ੀ ਹੱਦ ਤੱਕ ਛੁਟਕਾਰਾ ਮਿਲ ਸਕਦਾ ਹੈ। ਇਸ ਫ਼ਾਰਮ ਵਿੱਚ ਜੋ ਸਵਾਲ ਪੁੱਛੇ ਗਏ ਸਨ ਉਹ ਇਸ ਤਰ੍ਹਾਂ ਹਨ—

♦ਸ਼ਰਾਬੀ ਕਾ ਨਾਮ
♦ਸ਼ਰਾਬੀ ਕੇ ਬਾਪ ਕਾ ਨਾਮ
♦ਕਯਾ ਸ਼ਰਾਬੀ ਕਾ ਬਾਪ ਭੀ ਸ਼ਰਾਬੀ ਥਾ?
♦ਸ਼ਰਾਬੀ ਕਿਤਨੇ ਦਿਨੋਂ ਸੇ ਸ਼ਰਾਬੀ ਹੈ?
♦ਸ਼ਰਾਬੀ ਕੋ ਸ਼ਰਾਬ ਨਹੀਂ ਮਿਲਨੇ ਸੇ ਕਯਾ ਹੋਤਾ ਹੈ?

✤✤✤